ਬੰਗਲਾਦੇਸ਼ ਨੇ ਭਾਰਤ ਨੂੰ ਲਿਖਿਆ ਪੱਤਰ

'ਸ਼ੇਖ ਹਸੀਨਾ ਨੂੰ ਭੇਜੋ ਵਾਪਸ'

ਢਾਕਾ, 23 ਦਸੰਬਰ : ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਸੋਮਵਾਰ ਨੂੰ ਕਿਹਾ ਕਿ ਉਸ ਨੇ ਬਰਖਾਸਤ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਢਾਕਾ ਵਾਪਸ ਭੇਜਣ ਲਈ ਭਾਰਤ ਨੂੰ ਕੂਟਨੀਤਕ ਸੰਦੇਸ਼ ਭੇਜਿਆ ਹੈ। ਹਸੀਨਾ 5 ਅਗੱਸਤ ਤੋਂ ਭਾਰਤ 'ਚ ਜਲਾਵਤਨੀ ਦੀ ਜ਼ਿੰਦਗੀ ਬਤੀਤ ਕਰ ਰਹੀ ਹੈ। ਵਿਦਿਆਰਥੀਆਂ ਦੀ ਅਗਵਾਈ ਵਾਲੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਉਹ ਦੇਸ਼ ਛੱਡ ਕੇ ਭਾਰਤ ਆ ਗਈ।

ਢਾਕਾ ਸਥਿਤ ਇੰਟਰਨੈਸ਼ਨਲ ਕ੍ਰਿਮੀਨਲ ਟ੍ਰਿਬਿਊਨਲ (ਆਈਸੀਟੀ) ਨੇ ਹਸੀਨਾ ਅਤੇ ਉਸ ਦੇ ਕੈਬਨਿਟ ਮੰਤਰੀਆਂ, ਸਲਾਹਕਾਰਾਂ ਅਤੇ ਫ਼ੌਜੀ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵਿਰੁਧ "ਮਨੁੱਖਤਾ ਅਤੇ ਨਸਲਕੁਸ਼ੀ ਵਿਰੁਧ ਅਪਰਾਧ" ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਅੰਤਰਿਮ ਸਰਕਾਰ ਦੇ ਵਿਦੇਸ਼ ਮੰਤਰੀ ਤੌਹੀਦ ਹੁਸੈਨ ਨੇ ਇਸ ਤੋਂ ਪਹਿਲਾਂ ਅਪਣੇ ਦਫ਼ਤਰ ਵਿਚ ਪੱਤਰਕਾਰਾਂ ਨੂੰ ਕਿਹਾ, "ਅਸੀਂ ਭਾਰਤ ਸਰਕਾਰ ਨੂੰ ਇਕ ਕੂਟਨੀਤਕ ਸੰਦੇਸ਼ ਭੇਜ ਕੇ ਕਿਹਾ ਹੈ ਕਿ ਉਸ (ਹਸੀਨਾ) ਨੂੰ ਬੰਗਲਾਦੇਸ਼ ਵਿਚ ਨਿਆਂਇਕ ਪ੍ਰਕਿਰਿਆ ਲਈ ਢਾਕਾ ਵਾਪਸ ਭੇਜਿਆ ਜਾਵੇ।" ਗ੍ਰਹਿ ਮੰਤਰਾਲੇ ਦੇ ਸਲਾਹਕਾਰ ਜਹਾਂਗੀਰ ਆਲਮ ਨੇ ਕਿਹਾ ਕਿ ਉਨ੍ਹਾਂ ਦੇ ਦਫ਼ਤਰ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਭੇਜ ਕੇ ਭਾਰਤ ਤੋਂ ਬੇਦਖ਼ਲ ਪ੍ਰਧਾਨ ਮੰਤਰੀ ਹਸੀਨਾ ਦੀ ਹਵਾਲਗੀ ਦੀ ਮੰਗ ਕੀਤੀ ਹੈ। ਇਕ ਸਵਾਲ ਦੇ ਜਵਾਬ ਵਿਚ, ਉਸ ਨੇ ਪੱਤਰਕਾਰਾਂ ਨੂੰ ਕਿਹਾ, "ਅਸੀਂ ਉਸ (ਹਸੀਨਾ) ਦੀ ਹਵਾਲਗੀ ਬਾਰੇ ਵਿਦੇਸ ਮੰਤਰਾਲੇ ਨੂੰ ਇੱਕ ਪੱਤਰ ਭੇਜਿਆ ਹੈ। ਪ੍ਰਕਿਰਿਆ ਅਜੇ ਵੀ ਜਾਰੀ ਹੈ।"

ਆਲਮ ਨੇ ਕਿਹਾ ਕਿ ਢਾਕਾ ਅਤੇ ਨਵੀਂ ਦਿੱਲੀ ਵਿਚਕਾਰ ਹਵਾਲਗੀ ਸੰਧੀ ਪਹਿਲਾਂ ਹੀ ਮੌਜੂਦ ਹੈ ਅਤੇ ਇਸ ਸੰਧੀ ਤਹਿਤ ਹਸੀਨਾ ਨੂੰ ਬੰਗਲਾਦੇਸ ਵਾਪਸ ਲਿਆਂਦਾ ਜਾ ਸਕਦਾ ਹੈ। (ਭਾਸ਼ਾ)

ਕੈਨੇਡਾ ਵਿਚ ਕੱਟੜਪੰਥ ਵਿਰੁਧ ਇਕੱਠੇ ਹੋਏ ਹਿੰਦੂ ਤੇ ਸਿੱਖ ਆਗੂ

ਮੀਟਿੰਗ 'ਚ ਹਿੱਸਾ ਲੈਣ ਵਾਲੇ ਧਾਰਮਕ ਸਥਾਨਾਂ ਦੇ ਲਗਭਗ 60 ਨੁਮਾਇੰਦਿਆਂ ਨੇ ਕੀਤੀ ਸ਼ਿਰਕਤ

ਟੋਰਾਂਟੋ, 23 ਦਸੰਬਰ : ਹਾਲ ਹੀ ਦੇ ਸਮੇਂ ਵਿਚ ਕੱਟੜਪੰਥੀ ਤੱਤਾਂ ਨੇ ਭਾਈਚਾਰਿਆਂ ਵਿਚ ਪਾੜਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਬ੍ਰਿਟਿਸ਼ ਕੋਲੰਬੀਆ ਵਿਚ 30 ਗੁਰਦੁਆਰਿਆਂ ਅਤੇ ਹਿੰਦੂ ਮੰਦਰਾਂ ਦੇ ਨੁਮਾਇੰਦੇ ਅਜਿਹੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਲਈ ਇਕਜੁੱਟ ਫ਼ਰੰਟ ਬਣਾਉਣ ਲਈ ਇਕੱਠੇ ਹੋ ਗਏ। ਇਹ ਮੀਟਿੰਗ ਵੈਨਕੂਵਰ ਦੇ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ ਸਨਿਚਰਵਾਰ ਨੂੰ ਹੋਈ। ਜਿਸ ਵਿਚ ਕੱਟੜਪੰਥੀਆਂ ਦਾ ਟਾਕਰਾ ਕਰਨ ਲਈ ਵਿਚਾਰ ਵਟਾਂਦਰਾਂ ਕੀਤਾ ਗਿਆ। ਇਸ ਮੀਟਿੰਗ ਵਿਚ ਵੱਖ-ਵੱਖ ਧਾਰਮਕ ਸਥਾਨਾਂ ਦੇ ਲਗਭਗ 60 ਪ੍ਰਤੀਨਿਧਾਂ ਨੇ ਸ਼ਿਰਕਤ ਕੀਤੀ।

ਇਸ ਮੀਟਿੰਗ ਵਿਚ ਹਿੰਦੂ-ਸਿੱਖ ਏਕਤਾ ਕਿਵੇਂ ਬਰਕਰਾਰ ਰੱਖੀ ਜਾਵੇ, ਇਸ ਬਾਰੇ ਵਿਚਾਰ ਵਟਾਦਰਾਂ ਕੀਤਾ ਗਿਆ ਅਤੇ ਕਿਸੇ ਗੁਰਦੁਆਰੇ ਜਾਂ ਮੰਦਰ ਦੇ ਨੇੜੇ-ਤੇੜੇ ਕੋਈ ਵਿਰੋਧ ਪ੍ਰਦਰਸ਼ਨ ਨਹੀਂ ਹੋਣ ਦਿਤਾ ਜਾਵੇਗਾ, ਸਬੰਧੀ ਮਤੇ ਪਾਸ ਕੀਤੇ ਗਏ। ਕੇਡੀਐਸ ਦੇ ਸਾਬਕਾ ਪ੍ਰਧਾਨ ਕਸ਼ਮੀਰ ਸਿੰਘ ਧਾਲੀਵਾਲ ਨੂੰ 20 ਮੈਂਬਰੀ ਕੋਰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਜੋ ਇਸ ਸਬੰਧ ਵਿਚ ਯਤਨਾਂ ਦਾ ਤਾਲਮੇਲ ਕਰੇਗੀ।

ਧਾਲੀਵਾਲ ਨੇ ਇਕ ਅਖ਼ਬਾਰ ਨੂੰ ਦਸਿਆ ਕਿ ਨਵੀਂ ਸੰਸਥਾ ਨੂੰ 'ਯੂਨਾਈਟਿਡ ਸਿੱਖਜ਼ ਐਂਡ ਹਿੰਦੂਜ਼ ਐਸੋਸੀਏਸ਼ਨ ਆਫ਼ ਨਾਰਥ ਅਮਰੀਕਾ' ਕਿਹਾ ਜਾਵੇਗਾ। (ਏਜੰਸੀ)

ਪਾਕਿਸਤਾਨ ਨੇ ਇਕ ਰੋਜ਼ਾ ਲੜੀ 'ਚ ਦਖਣੀ ਅਫ਼ਰੀਕਾ ਦੀ ਟੀਮ 'ਤੇ ਫੇਰਿਆ ਝਾੜੂ

ਜੋਹਾਨਸਬਰਗ, 23 ਦਸੰਬਰ : ਸਲਾਮੀ ਬੱਲੇਬਾਜ਼ ਸੈਮ ਅਯੂਬ ਦੇ ਸੈਂਕੜੇ ਦੀ ਮਦਦ ਨਾਲ ਪਾਕਿਸਤਾਨ ਨੇ ਤੀਜੇ ਅਤੇ ਆਖਰੀ ਵਨਡੇ ਕ੍ਰਿਕਟ ਮੈਚ ਵਿੱਚ ਦੱਖਣੀ ਅਫ਼ਰੀਕਾ ਨੂੰ ਡਕਵਰਥ ਲਈਸ ਵਿਧੀ ਨਾਲ 36 ਦੌੜਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਸੀਰੀਜ਼ ਵਿਚ 3-0 ਕਲੀਨ ਸਵੀਪ ਕਰ ਲਿਆ ਹੈ। ਅਯੂਬ ਨੇ 94 ਗੇਂਦਾਂ 'ਤੇ 101 ਦੌੜਾਂ ਬਣਾਈਆਂ, ਜਿਸ ਨਾਲ ਪਾਕਿਸਤਾਨ ਨੇ ਮੈਚ 'ਚ ਨੌਂ ਵਿਕਟਾਂ 'ਤੇ 308 ਦੌੜਾਂ ਬਣਾਈਆਂ, ਜੋ ਮੀਂਹ ਕਾਰਨ 47 ਓਵਰਾਂ ਤੱਕ ਘਟਾ ਦਿੱਤਾ ਗਿਆ। ਦੱਖਣੀ ਅਫ਼ਰੀਕਾ ਨੂੰ ਡਕਵਰਥ ਲੁਈਸ ਵਿਧੀ ਦੀ ਵਰਤੋਂ ਕਰਦੇ ਹੋਏ 308 ਦੌੜਾਂ ਦਾ ਟੀਚਾ ਦਿਤਾ ਗਿਆ ਸੀ ਪਰ ਉਸ ਦੀ ਟੀਮ 42 ਓਵਰਾਂ ਵਿਚ 271 ਦੌੜਾਂ ਬਣਾ ਕੇ ਆਊਟ ਹੋ ਗਈ। (ਪੀਟੀਆਈ)

ਦਸ਼ਮੇਸ਼ ਪਿਤਾ ਹੀ ਸਰਬੱਤ ਦੇ ਭਲੇ ਲਈ ਸਰਬੰਸ ਕੁਰਬਾਨ ਕਰਵਾਉਣ ਵਾਲਾ ਇਕੋ-ਇਕ ਰਹਿਬਰ : ਭਾਈ ਮਾਝੀ

ਔਕਲੈਂਡ, 23 ਦਸੰਬਰ (ਹਰਜਿੰਦਰ ਸਿੰਘ ਬਸਿਆਲਾ) : ਜਦੋਂ ਇਹ ਸੁੰਦਰ ਲਾਈਨਾਂ ਕਿ "ਕਲਗੀਧਰ ਦਸ਼ਮੇਸ਼ ਪਿਤਾ ਜੇਹਾ, ਦੁਨੀਆਂ ਤੇ ਕੋਈ ਹੋਇਆ ਨਾ, ਚਾਰ ਪੁੱਤਰ ਓਹਨੇ ਵਤਨਾਂ ਤੋਂ ਵਾਰੇ, ਇਕ ਵੀ ਲਾਲ ਲਕੋਇਆ ਨਾ॥ ਕੰਨਾਂ ਵਿਚ ਗੂੰਜਦੀਆਂ ਹਨ, ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਕੁਰਬਾਨੀ ਸਾਨੂੰ ਅਪਣੇ ਕਿਰਦਾਰਾਂ ਵਲ ਨਜ਼ਰ ਮਾਰ ਕੇ ਵੱਡਾ ਹਲੂਣਾ ਦਿੰਦੀ ਹੈ। ਅਜਿਹੀਆਂ ਕੁਰਬਾਨੀਆਂ ਨੂੰ ਯਾਦ ਕਰਵਾਉਣ ਵਾਸਤੇ ਸਾਡੇ ਪ੍ਰਚਾਰਕ ਦੇਸ਼-ਵਿਦੇਸ਼ ਧਾਰਮਿਕ ਫੇਰੀ ਉਤੇ ਰਹਿੰਦੇ ਹਨ। ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਇਨ੍ਹੀਂ ਦਿਨੀਂ ਨਿਊਜ਼ੀਲੈਂਡ ਦੇ ਫੇਰੇ ਉਤੇ ਹਨ। ਬੀਤੇ ਦਿਨੀਂ ਗੁਰਦੁਆਰਾ ਮਾਤਾ ਸਾਹਿਬ ਕੌਰ ਹਮਿਲਟਨ ਵਿਖੇ 8 ਦਿਨਾਂ ਗੁਰਮਤਿ ਸਮਾਗਮ ਹੋਏ।

ਇਸ ਮੌਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਤੇ ਇਤਿਹਾਸਕ ਪੱਖ 'ਤੇ ਗੁਰਮਤਿ ਵਿਚਾਰਾਂ ਰਖਦਿਆਂ ਭਾਈ ਹਰਜਿੰਦਰ ਸਿੰਘ ਮਾਝੀ ਹੋਰਾਂ ਕਿਹਾ, "ਦੁਨੀਆਂ ਦੇ ਇੱਕੋ-ਇੱਕ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜਿਨ੍ਹਾਂ ਨੂੰ ਸਰਬੰਦਾਨੀ ਕਿਹਾ ਜਾਂਦਾ ਹੈ। ਕਲਗੀਧਰ ਪਿਤਾ ਜੀ ਨੇ ਅਪਨਾ ਸਰਬੰਸ ਕੁਰਬਾਨ ਕਰਵਾ ਕੇ ਸਾਨੂੰ ਅਪਨੀ ਗੋਦੀ 'ਚ ਬਿਠਾਇਆ ਹੈ। ਇਨ੍ਹਾਂ ਸ਼ਹਾਦਤਾਂ ਦੇ ਦਿਨਾਂ ਵਿਚ ਸਾਨੂੰ ਸਵੈ-ਪੜਚੋਲ ਕਰਨ ਦੀ ਲੋੜ ਹੈ ਕਿ ਅਸੀਂ ਦਸਮੇਸ਼ ਪਿਤਾ ਜੀ ਦੀ ਗੋਦ ਛੱਡ ਕਿਸੇ ਹੋਰ ਪਾਸੇ ਤਾਂ ਨਹੀ ਭਟਕ ਰਹੇ।?"

ਸੈਂਸੈਕਸ 498 ਅੰਕ ਚੜ੍ਹਿਆ ਤੇ ਨਿ.ਫ਼ਟੀ ਵੀ ਵਾਧਾ ਲੈ ਕੇ ਹੋਇਆ ਬੰਦ

ਮੁੰਬਈ, 23 ਦਸੰਬਰ : ਸੋਮਵਾਰ (23 ਦਸੰਬਰ) ਨੂੰ ਦਿਨ ਭਰ ਦੇ ਤਿੱਖੇ ਉਤਰਾਅ-ਚੜ੍ਹਾਅ ਤੋਂ ਬਾਅਦ ਘਰੇਲੂ ਸੇਅਰ ਬਾਜ਼ਾਰ ਵਾਧੇ ਦੇ ਨਾਲ ਬੰਦ ਹੋਏ। ਮਜਬੂਤ ਸ਼ੁਰੂਆਤ ਦੇ ਨਾਲ-ਨਾਲ ਜਬਰਦਸਤ ਸਮਾਪਤੀ ਵੀ ਹੋਈ। ਅਜਿਹਾ ਵਾਧਾ ਕਈ ਦਿਨਾਂ ਬਾਅਦ ਬਾਜ਼ਾਰ 'ਚ ਦੇਖਣ ਨੂੰ ਮਿਲਿਆ। ਹਾਲਾਂਕਿ ਦਿਨ ਦੇ ਦੌਰਾਨ ਮੁਨਾਫਾ ਬੁਕਿੰਗ ਦੇ ਕਾਰਨ ਬੈਂਚਮਾਰਕ ਸੂਚਕਾਂਕ 'ਚ ਗਿਰਾਵਟ ਦੇਖਣ ਨੂੰ ਮਿਲੀ ਪਰ ਇਸ ਦੇ ਬਾਵਜੂਦ ਉਹ ਵਾਧੇ ਦੇ ਨਾਲ ਬੰਦ ਹੋਏ। ਅੱਜ ਯਾਨੀ ਹਫਤੇ ਦੇ ਪਹਿਲੇ ਕਾਰੋਬਾਰੀ ਦਿਨ 23 ਦਸੰਬਰ ਨੂੰ ਸੈਂਸੈਕਸ 498.58 ਅੰਕ ਭਾਵ 0.64% ਦੇ ਵਾਧੇ ਨਾਲ ਦਾ ਵਾਧ ਤੇਜੀ ਦੇ ਨਾਲ 78,540.17 ਦੇ ਪੱਧਰ 'ਤੇ ਬੰਦ ਹੋਇਆ ਹੈ। ਸੈਂਸੈਕਸ ਦੇ 30 ਸਟਾਕਾਂ ਵਿੱਚੋਂ 20 ਵਾਧੇ ਨਾਲ ਅਤੇ 10 ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਦੂਜੇ ਪਾਸੇ ਨਿਫਟੀ ਵੀ 165.95 ਅੰਕ ਭਾਵ 0.7% ਦੇ ਵਾਧੇ ਨਾਲ 23,753.45 ਦੇ ਪੱਧਰ 'ਤੇ ਬੰਦ ਹੋਇਆ ਹੈ। ਨਿਫਟੀ ਦੇ 50 ਸਟਾਕਾਂ 'ਚੋਂ 32 ਵਾਧੇ ਨਾਲ ਅਤੇ 18 ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। (ਪੀਟੀਆਈ)

ਵਿਆਹ ਦੇ ਬੰਧਨ 'ਚ ਬੱਝੀ ਬੈਡਮਿੰਟਨ ਸਟਾਰ ਪੀਵੀ ਸਿੰਧੂ, ਪਹਿਲੀ ਤਸਵੀਰ ਆਈ ਸਾਹਮਣੇ

ਉਦੈਪੁਰ, 23 ਦਸੰਬਰ : ਭਾਰਤ ਦੀ ਸਟਾਰ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ ਵਿਆਹ ਦੇ ਬੰਧਨ ਵਿਚ ਬੱਝ ਗਈ ਹੈ। ਉਨ੍ਹਾਂ ਦਾ ਵਿਆਹ ਰਾਜਸਥਾਨ ਦੇ ਉਦੈਪੁਰ ਵਿਚ ਹੋਇਆ। ਪੀਵੀ ਸਿੰਧੂ ਦੇ ਵਿਆਹ ਵਿਚ ਕਈ ਮਸ਼ਹੂਰ ਹਸਤੀਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਦਾ ਵਿਆਹ ਵੈਂਕਟ ਦੱਤਾ ਸਾਈਂ ਨਾਲ ਹੋਇਆ ਹੈ। ਉਹ ਇਕ ਬਿਜ਼ਨੈਸਮੈਨ ਹਨ। ਸਿੰਧੂ ਅਤੇ ਵੈਂਕਟ ਦਾ ਵਿਆਹ ਹਿੰਦੂ ਰੀਤੀ-ਰਿਵਾਜਾਂ ਨਾਲ ਹੋਇਆ। ਸਿੰਧੂ ਦੇ ਵਿਆਹ 'ਚ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵੀ ਪਹੁੰਚੇ ਸਨ। ਉਨ੍ਹਾਂ ਨੇ ਇਸ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਵੀ ਸਾਂਝੀ ਕੀਤੀ ਹੈ। ਪੀਵੀ ਸਿੰਧੂ ਦੇ ਵਿਆਹ 'ਚ ਕਰੀਬੀ ਰਿਸ਼ਤੇਦਾਰਾਂ ਦੇ ਨਾਲ-ਨਾਲ ਕੁੱਝ ਮਸ਼ਹੂਰ ਹਸਤੀਆਂ ਨੂੰ ਵੀ ਸੱਦਾ ਦਿਤਾ ਗਿਆ ਸੀ। (ਪੀਟੀਆਈ)

ਸੋਨੇ ਦੀ ਕੀਮਤ 'ਚ ਆਈ ਗਿਰਾਵਟ, ਚਾਂਦੀ ਦੇ ਭਾਅ ਚੜ੍ਹੇ

ਨਵੀਂ ਦਿੱਲੀ, 23 ਦਸੰਬਰ : ਹਫ਼ਤੇ ਦੇ ਪਹਿਲੇ ਦਿਨ ਸੋਨੇ ਦੀਆਂ ਕੀਮਤਾਂ 'ਚ ਗਿਰਾਵਟ ਦਰਜ ਕੀਤੀ ਗਈ, ਜਦਕਿ ਚਾਂਦੀ ਦਾ ਵਾਇਦਾ ਹਰੇ ਰੰਗ 'ਚ ਕਾਰੋਬਾਰ ਕਰ ਰਿਹਾ ਸੀ। ਮਲਟੀ ਕਮੋਡਿਟੀ ਐਕਸਚੇਂਜ 'ਤੇ, ਸੋਨੇ ਦੀ ਕੀਮਤ ਮਾਮੂਲੀ ਗਿਰਾਵਟ ਨਾਲ 76,410 ਰੁਪਏ ਪ੍ਰਤੀ 10 ਗ੍ਰਾਮ 'ਤੇ ਹੈ, ਜਦਕਿ ਚਾਂਦੀ ਦੀ ਕੀਮਤ 0.49 ਫੀਸਦੀ ਦੇ ਵਾਧੇ ਨਾਲ 88,822 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਹੈ। (ਏਜੰਸੀ)

ਉੱਤਰ ਰੇਲਵੇ

ਈ-ਨਿਵਿਦਾ

ਖੁਲ੍ਹੀ ਨਿਵਿਦਾ ਨੰਬਰ-51-ਅੰਬਾਲਾ/2024-25 ਮਿਤੀ 23.12.2024

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

ਲ. ਨੰ.	ਕੰਮ ਦਾ ਨਾਮ	ਅੰਦਾਜਨ ਲਾਗਤ (Rs.)	ਅਗਾਊਂ ਰਾਸ਼ੀ (Rs.)	ਕੰਮ ਸਮਾਪਤੀ ਦਾ ਸਮਾਂ	ਨਿਵਿਦਾ ਖੁਲਣ ਦੀ ਮਿਤੀ
1	ਨਾਭਾ ਸਟੇਸ਼ਨ ਦੀ ਕਲੋਨੀ ਵਿਚ ਵਖ-ਵਖ ਸਥਾਨਾਂ ਤੇ ਪਾਣੀ ਦੀ ਸਪਲਾਈ ਵਿਚ ਸੁਧਾਰ ਦੇ ਲਈ ਪੁਰਾਣੇ/ਘਿਸੇ-ਪਿਟੇ ਮੌਜੂਦਾ ਟੈਂਕਾਂ ਦੇ ਸਥਾਨ ਤੇ ਪਲੰਬਿੰਗ ਪਾਈਪ ਅਤੇ ਬੋਰ ਅਤੇ ਪੰਪ ਦੇ ਨਾਲ ਪੰਪ ਹਾਊਸ ਦੇ ਨਾਲ 01 ਨਗ, 225 ਕੇਐਲ ਆਰਸੀਸੀ ਓਐਚ ਟੈਂਕ ਦਾ ਪ੍ਰਾਵਧਾਨ।	91,14,389	1,82,300	04 ਮਹੀਨੇ	15.01.2025
2	ਅੰਬਾਲਾ-ਕਾਲਕਾ ਸੈਕਸ਼ਨ ਤੇ ਧੱਪਰ ਸਟੇਸ਼ਨ ਦੀ 33 FAD ਤੇ ਕ੍ਰਿਟਿਕਲ ਰੋਲਿੰਗ ਸਟਾਕ (CRS) ਲਈ ਟ੍ਰੈਕ ਨਾਲ ਸਬੰਧਿਤ ਕੰਮ ਦਾ ਪ੍ਰਾਵਧਾਨ।	2,80,75,406	2,90,400	04 ਮਹੀਨੇ	15.01.2025
3	ਅੰਬਾਲਾ ਮੰਡਲ ਵਿਚ ਸਟੇਸ਼ਨ ਅਤੇ ਰੇਲਵੇ ਕਲੋਨੀ ਖੇਤਰ ਆਦਿ ਦੇ ਵਿਚ ਸਟੇਸ਼ਨ ਦੇ ਲਈ ਜਮੀਨ ਯੋਜਨਾਵਾਂ ਦੇ ਅਦਯਤਨ, ਤਾਲਮੇ, ਪ੍ਰਮਾਣਨ ਅਤੇ ਕੰਪਿਊਟਰੀਕਰਨ ਦਾ ਪ੍ਰਸਵਾਵ।	55,16,744	1,10,300	12 ਮਹੀਨੇ	15.01.2025
4	ਸਟੋਰ ਡਿਪੋ JUDW ਦੇ ਅੰਦਰ ਜਨਰਲ ਵਾਰਡ ਆਕਾਰ 23x65x6.10 ਮੀਟਰ ਦੇ ਕੋਲ ਸਮਗਰੀ ਦੇ ਢੇਰ ਦੇ ਲਈ ਪਲੇਟਫਾਰਮ ਦੇ ਨਾਲ ਖੁਲ੍ਹੇ ਸ਼ੈਡ ਦੀ ਉਸਾਰੀ।	2,09,31,480	2,54,700	06 ਮਹੀਨੇ	15.01.2025
5	ਐਸਐਈ/ਡਬਲਯੂ/ਕੇਐਲਕੇ ਦੇ ਸੈਕਸ਼ਨ ਵਿਚ ਕੋਟੀ ਸੁਰੰਗ ਦੇ ਕੇਐਲਕੇ ਤਕ 1 ਡੂੰਘੇ ਟਯੂਬਵੇਲ ਦਾ ਪ੍ਰਤੀਸਥਾਪਨ, ਪੰਪ ਹਾਊਸ ਦੀ ਉਸਾਰੀ, ਯੂਜੀ ਪਾਣੀ ਦੀ ਟੰਕੀ ਅਤੇ ਕੇਐਲਕੇ ਵਿਚ ਵਿਸ਼ੇਸ਼ ਰੂਪ ਨਾਲ ਗਰਮੀਆਂ ਵਿਚ ਪਾਣੀ ਦੀ ਮੰਗ ਦੇ ਲਈ ਡੀਆਈ ਪਾਈਪ ਵਿਛਾਉਣਾ।	2,21,96,105	2,61,000	12 ਮਹੀਨੇ	15.01.2025
6	ਗੁਰਨੇ ਰੇਲਵੇ ਸਟੇਸ਼ਨ ਤੇ ਦੂਜੇ ਲੂਪ ਦੇ ਪ੍ਰਾਵਧਾਨ ਦੇ ਸਬੰਧ ਵਿਚ ਮਿਟੀ ਦਾ ਕੰਮ।	1,37,93,833	2,19,000	06 ਮਹੀਨੇ	15.01.2025

ਨੋਟ:- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੇਂਟ ਨੈਟ ਬੈਕਿੰਗ/ਗੇਟਵੇ ਪੇਮੇਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3.ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4.ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ। 3930/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਪੰਜਾਬ ਐਂਡ ਸਿੰਧ ਬੈਂਕ

ਭਾਰਤ ਸਰਕਾਰ ਦਾ ਇਕ ਅਦਾਰਾ

ਬ੍ਰਾਂਚ ਦਫਤਰ : ਰੇਲਵੇ ਰੋਡ, ਮੋਗਾ

[ਰੂਲ 8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂਕਿ ਨਿਮਨਹਸਤਾਖ਼ਰੀ ਨੇ 'ਪੰਜਾਬ ਐਂਡ ਸਿੰਧ ਬੈਂਕ' ਦੇ 'ਅਧਿਕਾਰਤ ਅਫ਼ਸਰ' ਵਜੋਂ ਸਕਿਊਰਿਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੈਸਟ ਅਤੇ ਇਨਫੋਰਸਮੈਂਟ ਆਫ਼ ਸਕਿਊਰਿਟੀ ਇੰਟਰਸਟ ਐਕਟ 2002 ਅਤੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਜਾਰੀ ਕਰਕੇ ਹੇਠ ਲਿਖੇ ਕਰਜ਼ਦਾਰ(ਾਂ)/ਗਰੰਟਰ(ਾਂ) ਨੂੰ ਨੋਟਿਸ ਵਿਚ ਦਰਸਾਈ ਰਕਮ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਦੇ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਗਿਆ। ਕਰਜ਼ਦਾਰ(ਾਂ)/ਗਰੰਟਰ(ਾਂ) ਰਕਮ ਅਦਾ ਕਰਨ ਵਿਚ ਨਾਕਾਮ ਰਹੇ, ਇਸ ਨੋਟਿਸ ਰਾਹੀਂ ਕਰਜ਼ਦਾਰ(ਾਂ)/ਗਰੰਟਰ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਸੰਕੇਤਕ ਕਬਜਾ ਲੈ ਲਿਆ ਹੈ।

ਖ਼ਾਸ ਤੌਰ 'ਤੇ ਕਰਜ਼ਦਾਰ(ਾਂ)/ਗਰੰਟਰ(ਾਂ) ਨੂੰ ਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਉਕਤ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਹੇਠ ਦਰਸਾਈ ਰਕਮ ਦੇ ਨਾਲ ਵਿਆਜ ਅਤੇ ਖਾਤੇ ਵਿਰੁਧ ਦਰਸਾਏ ਹੋਰ ਚਾਰਜਿਜ਼/ਖ਼ਰਚਿਆਂ ਦੀ ਪੰਜਾਬ ਐਂਡ ਸਿੰਧ ਬੈਂਕ, ਰੇਲਵੇ ਰੋਡ, ਮੋਗਾ ਨੂੰ ਅਦਾਇਗੀ ਦਾ ਜ਼ਿੰਮੇਵਾਰ ਹੋਵੇਗਾ।

ਕਰਜ਼ਦਾਰ(ਾਂ)/ਗਰੰਟਰ(ਾਂ) ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਕਰਜ਼ਦਾਰ(ਾਂ)/ਗਰੰਟਰ(ਾਂ) ਦਾ ਨਾਮ	ਅਚੱਲ ਜਾਇਦਾਦ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ
ਕਰਜ਼ਦਾਰ : ਲੇਟ ਹਰਪਾਲ ਸਿੰਘ : ਕਾਨੂੰਨੀ ਵਾਰਸ ਅਤੇ ਗਰੰਟਰ : 1. ਸ੍ਰੀਮਤੀ ਬਲਜੀਤ ਕੌਰ ਪਤਨੀ ਹਰਪਾਲ ਸਿੰਘ ਵਾਸੀ ਪਤਾ: 1. ਨਵੀਂ ਕੋਠੀ ਨੰ 01, ਗਲੀ ਨੰ 5, ਦਸਮੇਸ਼ ਨਗਰ, ਪਟਿਆਲਾ ਰੋਡ ਸੰਗਰੂਰ 148001, ਪਤਾ: 2, ਗਲੀ ਨੰ 6/2 ਦਸਮੇਸ਼ ਨਗਰ, ਮੋਗਾ 142001, ਪਤਾ: 3; ਗਲੀ ਨੰ 7/2 ਦਸਮੇਸ਼ ਨਗਰ ਮੋਗਾ 142001 , 2. ਕਾਨੂੰਨੀ ਵਾਰਸ	ਮਕਾਨ ਮਿਣਤੀ 18 ਮਰਲੇ 3.5 ਸਰਸਾਈ ਸਥਿਤ ਗਲੀ ਨੰ 6-2ਬੀ, ਦਸਮੇਸ਼ ਨਗਰ, ਮੋਗਾ ਜ਼ਿਲ੍ਹਾ ਮੋਗਾ ਪਿਨ ਕੋਡ 142001, ਲੇਟ ਹਰਪਾਲ ਸਿੰਘ ਦੇ ਨਾਮ 'ਤੇ। ਪਤਾ : ਮਕਾਨ ਮਿਣਤੀ 18 ਮਰਲੇ 3.5 ਸਰਸਾਈ ਸਥਿਤ ਗਲੀ ਨੰ 7/2 ਦਸਮੇਸ਼ ਨਗਰ, ਮੋਗਾ, ਜ਼ਿਲ੍ਹਾ ਮੋਗਾ ਪਿਨ ਕੋਡ 142001 ਲੇਟ ਹਰਪਾਲ ਸਿੰਘ ਦੇ ਨਾਮ 'ਤੇ ਹੱਦਾਂ :	01.10.2024	17.12.2024	ਰੁ. 38,76,500.84 (ਅਠੱਤੀ ਲੱਖ ਛਿਅੱਤਰ ਹਜ਼ਾਰ ਪੰਜ ਸੌ ਰੁ. ਚੁਰਾਸੀ ਪੈਸੇ ਸਿਰਫ਼) 30.09.2024 ਨੂੰ ਸਮੇਤ ਭਵਿੱਖੀ ਵਿਆਜ ਅਤੇ ਬੈਂਕ ਦੇ ਖ਼ਰਚੇ 01-10-2024 ਤੋਂ ਲਾਗੂ, ਰਿਕਵਰੀ ਜੇ ਕੋਈ ਹੋਈ

ਹੱਦਾਂ :	ਡੀਡ ਅਨੁਸਾਰ	ਸਾਈਟ ਅਨੁਸਾਰ (ਮਿਤੀ ਨੂੰ)
ਉਤਰ	ਵੈਂਡਰ ਦੀ ਜਾਇਦਾਦ	ਹਰਨੇਕ ਸਿੰਘ ਦੀ ਜਾਇਦਾਦ
ਦੱਖਣ	ਅਮਰਜੀਤ ਸਿੰਘ ਦੀ ਜਾਇਦਾਦ	ਚੰਦ ਦੀ ਜਾਇਦਾਦ
ਪੂਰਬ	ਗੁਰਸੇਵਕ ਸਿੰਘ ਦੀ ਜਾਇਦਾਦ	ਜੋੜਾ ਸਿੰਘ ਦੀ ਜਾਇਦਾਦ
ਪੱਛਮ	ਰਸਤਾ	ਰਸਤਾ

ਸ੍ਰੀ ਰੁਪਿੰਦਰ ਸਿੰਘ ਪੁਤਰ ਹਰਪਾਲ ਸਿੰਘ ਵਾਸੀ ਨਵੀਂ ਕੋਠੀ ਨੰ 01, ਗਲੀ ਨੰ 5, ਦਸਮੇਸ਼ ਨਗਰ, ਪਟਿਆਲਾ ਰੋਡ ਸੰਗਰੂਰ 148001, ਪਤਾ: 2, ਗਲੀ ਨੰ 6/2 ਦਸਮੇਸ਼ ਨਗਰ, ਮੋਗਾ 142001, ਪਤਾ: 3; ਗਲੀ ਨੰ 7/2 ਦਸਮੇਸ਼ ਨਗਰ ਮੋਗਾ 142001, 3. ਕਾਨੂੰਨੀ ਵਾਰਸ ਮਿਸ ਕਰਨਵੀਰ ਕੌਰ ਪੁਤਰੀ ਹਰਪਾਲ ਸਿੰਘ ਵਾਸੀ ਨਵੀਂ ਕੋਠੀ ਨੰ 01, ਗਲੀ ਨੰ 5, ਦਸਮੇਸ਼ ਨਗਰ, ਪਟਿਆਲਾ ਰੋਡ ਸੰਗਰੂਰ 148001, ਪਤਾ: 2, ਗਲੀ ਨੰ 6/2 ਦਸਮੇਸ਼ ਨਗਰ, ਮੋਗਾ 142001, ਪਤਾ: 3; ਗਲੀ ਨੰ 7/2 ਦਸਮੇਸ਼ ਨਗਰ ਮੋਗਾ 142001

ਮਿਤੀ : 23-12-2024 ਸਥਾਨ : ਮੋਗਾ ਅਧਿਕਾਰਤ ਅਫ਼ਸਰ

ਵਿਆਹ ਦੀ ਵਰ੍ਹੇਗੰਢ ਮਨਾਈ

ਕਾਕਾ ਹਰਬਰਿੰਦਰ ਸਿੰਘ ਅਤੇ ਮਨਵੀਤ ਕੌਰ ਭਲਾਈਪੁਰ ਡੋਗਰਾਂ ਨੇ ਅਪਣੇ ਵਿਆਹ ਦੀ 6ਵੀਂ ਵਰ੍ਹੇਗੰਢ ਮਨਾਈ।

ਤ੍ਰਿਪੁਰਾ 'ਤੇ ਬੰਗਲਾਦੇਸ਼ ਦਾ 200 ਕਰੋੜ ਰੁਪਏ ਦਾ ਬਿਜਲੀ ਬਿਲ ਬਕਾਇਆ

ਅਗਰਤਲਾ, 23 ਦਸੰਬਰ : ਬੰਗਲਾਦੇਸ਼ ਨੇ ਤ੍ਰਿਪੁਰਾ ਵਲੋਂ ਦਿਤੀ ਬਿਜਲੀ ਦੇ ਬਿਲ ਦਾ 200 ਕਰੋੜ ਰੁਪਏ ਦਾ ਭੁਗਤਾਨ ਅਜੇ ਤਕ ਨਹੀਂ ਕੀਤਾ ਹੈ। ਹਾਲਾਂਕਿ ਮੁੱਖ ਮੰਤਰੀ ਮਾਨਿਕ ਸਾਹਾ ਨੇ ਸੋਮਵਾਰ ਨੂੰ ਕਿਹਾ ਕਿ ਗੁਆਂਢੀ ਦੇਸ਼ ਨੂੰ ਬਿਜਲੀ ਸਪਲਾਈ ਰੋਕਣ ਬਾਰੇ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

ਤ੍ਰਿਪੁਰਾ ਰਾਜ ਬਿਜਲੀ ਨਿਗਮ ਲਿਮਟਿਡ ਐਨ.ਟੀ.ਪੀ.ਸੀ. ਬਿਜਲੀ ਵਪਾਰ ਨਿਗਮ ਲਿਮਟਿਡ ਰਾਹੀਂ ਗੁਆਂਢੀ ਦੇਸ਼ ਨੂੰ 60-70 ਮੈਗਾਵਾਟ ਬਿਜਲੀ ਦੀ ਸਪਲਾਈ ਕਰਦੀ ਹੈ। ਇਸ ਦੇ ਲਈ ਬੰਗਲਾਦੇਸ਼ ਪਾਵਰ ਡਿਵੈਲਪਮੈਂਟ ਬੋਰਡ ਨਾਲ ਸਮਝੌਤਾ ਕੀਤਾ ਗਿਆ ਹੈ। ਸਾਹਾ ਨੇ ਇਕ ਇੰਟਰਵਿਊ 'ਚ ਕਿਹਾ, "ਬੰਗਲਾਦੇਸ਼ ਨੇ ਸਾਨੂੰ ਬਿਜਲੀ ਸਪਲਾਈ ਲਈ ਲਗਭਗ 200 ਕਰੋੜ ਰੁਪਏ ਦਾ ਭੁਗਤਾਨ ਨਹੀਂ ਕੀਤਾ ਹੈ। ਬਕਾਏ ਹਰ ਦਿਨ ਵੱਧ ਰਹੇ ਹਨ। ਸਾਨੂੰ ਉਮੀਦ ਹੈ ਕਿ ਉਹ ਅਪਣੇ ਬਕਾਏ ਦਾ ਭੁਗਤਾਨ ਕਰਨਗੇ ਤਾਂ ਜੋ ਬਿਜਲੀ ਸਪਲਾਈ 'ਚ ਵਿਘਨ ਨਾ ਪਵੇ।" ਇਹ ਪੁੱਛੇ ਜਾਣ 'ਤੇ ਕਿ ਜੇਕਰ ਢਾਕਾ ਬਕਾਏ ਦਾ ਭੁਗਤਾਨ ਕਰਨ 'ਚ ਅਸਫਲ ਰਹਿੰਦਾ ਹੈ ਤਾਂ ਕੀ ਤ੍ਰਿਪੁਰਾ ਸਰਕਾਰ ਬਿਜਲੀ ਸਪਲਾਈ ਬੰਦ ਕਰ ਦੇਵੇਗੀ, ਮੁੱਖ ਮੰਤਰੀ ਨੇ ਕਿਹਾ ਕਿ ਇਸ 'ਤੇ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ। (ਪੀਟੀਆਈ)

ਸੇਬੀ ਨੇ ਵਿੱਤੀ ਗ਼ਲਤ ਬਿਆਨਬਾਜ਼ੀ ਕਾਰਨ ਭਾਰਤ ਗਲੋਬਲ ਡਿਵੈਲਪਰਜ਼ 'ਚ ਵਪਾਰ ਮੁਅੱਤਲ ਕੀਤਾ

ਨਵੀਂ ਦਿੱਲੀ, 23 ਦਸੰਬਰ : ਬਾਜ਼ਾਰ ਰੈਗੂਲੇਟਰ ਸੇਬੀ ਨੇ ਭਾਰਤ ਗਲੋਬਲ ਡਿਵੈਲਪਰਜ਼ ਲਿਮਟਿਡ (ਬੀ.ਜੀ.ਡੀ.ਐਲ.) ਦੇ ਕਾਰੋਬਾਰ ਨੂੰ ਕਥਿਤ ਵਿੱਤੀ ਗ਼ਲਤ ਪੇਸ਼ਕਾਰੀ, ਗੁਮਰਾਹ ਕੁੰਨ ਖੁਲਾਸੇ, ਕੀਮਤਾਂ 'ਚ ਹੇਰਾਫੇਰੀ ਅਤੇ ਵਧੀਆਂ ਕੀਮਤਾਂ 'ਤੇ ਸ਼ੇਅਰ ਵੇਚਣ ਦੇ ਦੋਸ਼ 'ਚ ਸੋਮਵਾਰ ਨੂੰ ਮੁਅੱਤਲ ਕਰ ਦਿਤਾ। ਰੈਗੂਲੇਟਰ ਨੇ ਕੰਪਨੀ, ਇਸ ਦੇ ਮੈਨੇਜਿੰਗ ਡਾਇਰੈਕਟਰ ਅਸ਼ੋਕ ਕੁਮਾਰ ਸੇਵਾਦਾ, ਸੀ.ਈ.ਓ. ਮੋਹਸਿਨ ਸ਼ੇਖ ਅਤੇ ਨਿਰਦੇਸ਼ਕਾਂ ਦਿਨੇਸ਼ ਕੁਮਾਰ ਸ਼ਰਮਾ ਅਤੇ ਨਿਰਾਲੀ ਪ੍ਰਭਾਤਭਾਈ ਕਰੇਠਾ ਤੇ ਕਈ ਤਰਜੀਹੀ ਸ਼ੇਅਰਾਂ ਦੇ ਅਲਾਟੀਆਂ ਨੂੰ ਸਕਿਓਰਿਟੀਜ਼ ਮਾਰਕੀਟ ਤੋਂ ਰੋਕ ਦਿਤਾ ਹੈ। ਇਸ ਤੋਂ ਇਲਾਵਾ ਸੇਬੀ ਨੇ ਅਪਣੇ ਅੰਤਰਿਮ ਹੁਕਮ 'ਚ ਤਰਜੀਹੀ ਅਲਾਟੀਆਂ ਵਲੋਂ ਸ਼ੇਅਰਾਂ ਦੀ ਵਿਕਰੀ ਰਾਹੀਂ ਕਮਾਏ ਗਏ 271.6 ਕਰੋੜ ਰੁਪਏ ਦੇ ਗੈਰ-ਕਾਨੂੰਨੀ ਮੁਨਾਫੇ ਨੂੰ ਜ਼ਬਤ ਕੀਤਾ ਹੈ। (ਪੀਟੀਆਈ)

ਜ਼ਿਲ੍ਹਾ ਦਫਤਰ, ਪਨਸਪ, 51/2 ਪ੍ਰੀਤ ਨਗਰ ਲਾਡੋਵਾਲੀ ਰੋਡ ਜਲੰਧਰ

ਟੈਂਡਰ ਨੋਟਿਸ

ਜ਼ਿਲ੍ਹਾ ਜਲੰਧਰ ਵਿਚ PM Poshan Scheme ਅਧੀਨ ਅਨਾਜ ਦੀ ਵੰਡ ਲਈ ਪਨਸਪ ਜਲੰਧਰ ਵਲੋਂ ਮਿਤੀ 01-01-2025 ਤੋਂ 30-09-2026 ਤੱਕ ਜਲੰਧਰ (ਈਸਟ-1, ਈਸਟ-4, ਵੈਸਟ-1, ਵੈਸਟ-2, ਕਰਤਾਰਪੁਰ, ਆਦਮਪੁਰ, ਅਲਾਵਲਪੁਰ, ਭੋਗਪੁਰ, ਸ਼ਾਹਕੋਟ-1, ਸ਼ਾਹਕੋਟ-2, ਲੋਹੀਆਂ ਖਾਸ, ਗੁਰਾਇਆ-1, ਗੁਰਾਇਆ-2, ਫਿਲੌਰ ਅਤੇ ਨੂਰ ਮਹਿਲ) ਬਲਾਕਾਂ ਦੇ ਸਪਲਾਈ ਦੇ ਕੰਮ ਲਈ ਠੇਕੇਦਾਰਾਂ ਦੀ ਨਿਯੁਕਤੀ ਸੰਬੰਧੀ ਈ-ਟੈਂਡਰ ਮੰਗੇ ਜਾਂਦੇ ਹਨ ਜੋ ਮਿਤੀ 23-12-2024 ਨੂੰ ਈ-ਪ੍ਰੋਕਿਉਰਮੈਂਟ ਵੈਬ ਸਾਈਟ http://eproc.punjab.gov.in ਤੇ ਪ੍ਰਕਾਸ਼ਿਤ ਹੋਣਗੇ। ਟੈਂਡਰ ਫਾਰਮ ਮਿਤੀ 23-12-2024 ਨੂੰ ਸਵੇਰੇ 10.00 ਵਜੇ ਤੋਂ ਮਿਤੀ 07-01-2025 ਨੂੰ 12.00 ਵਜੇ ਤੱਕ ਆਨਲਾਈਨ ਸਬਮਿਟ ਕੀਤੇ ਜਾਣਗੇ। ਟੈਂਡਰ ਫਾਰਮ ਦੀ ਟੈਕਨੀਕਲ ਬਿਡ ਮਿਤੀ 07-01-2025 ਨੂੰ ਦੁਪਹਿਰ 2.00 ਵਜੇ ਖੋਲੀ ਜਾਵੇਗੀ। ਟੈਂਡਰ ਸਬੰਧੀ ਹੋਰ ਹਦਾਇਤਾਂ ਕਿਸੇ ਵੀ ਕੰਮ ਵਾਲੇ ਦਿਨ ਜ਼ਿਲ੍ਹਾ ਦਫਤਰ, ਪਨਸਪ, 51/2 ਪ੍ਰੀਤ ਨਗਰ ਲਾਡੋਵਾਲ ਰੋਡ ਜਲੰਧਰ ਵਿਖੇ ਵੇਖੀਆਂ ਜਾ ਸਕਦੀਆਂ ਹਨ। ਵਿਭਾਗੀ ਕਮੇਟੀ ਨੂੰ ਕੋਈ ਵੀ ਟੈਂਡਰ ਬਿਨਾਂ ਕਾਰਨ ਦੱਸੇ ਰੱਦ ਕਰਨ ਦਾ ਅਧਿਕਾਰ ਹੋਵੇਗਾ। ਜੇਕਰ ਟੈਂਡਰ ਸੰਬੰਧੀ ਕੋਈ ਵੀ ਸੋਧ ਹੋਵੇਗੀ ਤਾਂ ਵੈਬਸਾਈਟ/ਨੋਟਿਸ ਬੋਰਡ 'ਤੇ ਅਪਲੋਡ ਕਰ ਦਿੱਤੀ ਜਾਵੇਗੀ।

ਜ਼ਿਲ੍ਹਾ ਮੈਨੇਜਰ
40129 ਪਨਸਪ ਜਲੰਧਰ

ਕਬਜ਼ਾ ਨੋਟਿਸ — DCB BANK

ਜਿਵੇਂਕਿ ਡੀਸੀਬੀ ਬੈਂਕ ਲਿਮਟਿਡ ਦੇ ਨਿਮਨ ਹਸਤਾਖਰੀ ਅਧਿਕਾਰਤ ਅਫ਼ਸਰ ਨੇ ਸਕਿਊਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ਲ ਅਸੈਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਊਰਟੀ ਇੰਟਰਸਟ (54 ਆਫ਼ 2002) ਅਤੇ ਸਕਿਊਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈਆਂ ਮਿਤੀਆਂ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ (ਕਰਜ਼ਦਾਰ(ਾਂ) ਅਤੇ ਸਹਿ ਕਰਜ਼ਦਾਰ(ਾਂ)) ਨੂੰ ਨੋਟਿਸ ਵਿਚ ਦਰਸਾਈ ਰਕਮ ਹੇਠ ਫਾਰਮ ਦੇ ਖਾਨਿਆਂ ਵਿਚਲੇ ਵੇਰਵਿਆਂ ਅਨੁਸਾਰ ਸਮੇਤ ਵਿਆਜ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਗਿਆ ਸੀ।

ਕਰਜ਼ਦਾਰ ਅਤੇ ਸਹਿ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖ਼ਰੀ ਨੇ ਸਕਿਓਰਿਟੀ ਇੰਟਰਸਟ ਰੂਲਜ਼ 2002 ਦੇ ਸੈਕਸ਼ਨ 14(1) ਨਾਲ ਪੜ੍ਹੇ/ਲਿਖੇ ਜਾਂਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ 19.12.2024 ਅਤੇ 19.12.2024 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ, ਸਹਿ ਕਰਜ਼ਦਾਰ ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ (ਅਚੱਲ ਜਾਇਦਾਦ ਦੇ ਵੇਰਵੇ) ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕਰਨ ਤੋਂ ਸਾਵਧਾਨ ਕੀਤਾ ਜਾਂਦਾ ਹੈ ਅਤੇ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨਾ, ਕ੍ਰਮਵਾਰ ਰਕਮ ਹੇਠ ਦਿੱਤੇ ਅਨੁਸਾਰ ਲਈ ਡੀਸੀਬੀ ਬੈਂਕ ਲਿਮ. ਦੇ ਚਾਰਜ ਦਾ ਵਿਸ਼ਾ ਹੋਵੇਗਾ। ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਡਿਮਾਂਡ ਨੋਟਿਸ ਦੀ ਮਿਤੀ	07-02-2024
ਕਰਜ਼ਦਾਰ(ਾਂ)/ਸਹਿ-ਕਰਜ਼ਦਾਰ(ਾਂ) ਦਾ ਨਾਮ	ਸ੍ਰੀ ਮਨੋਜ ਕੁਮਾਰ ਅਤੇ ਸ੍ਰੀਮਤੀ ਨਿਸ਼ਾ
ਕੁੱਲ ਬਕਾਇਆ ਰਕਮ	ਰੁ. 16,90,821/- (ਸੋਲ੍ਹਾਂ ਲੱਖ ਨੱਬੇ ਹਜ਼ਾਰ ਅੱਠ ਸੌ ਇੱਕੀ ਰੁ. ਸਿਰਫ਼) 07.02.2023 ਨੂੰ
ਅਚੱਲ ਜਾਇਦਾਦ ਦਾ ਵੇਰਵਾ	ਜਾਇਦਾਦ ਦੀ ਉਸਾਰੀ 'ਤੇ ਪਲਾਟ ਮਿਣਤੀ 100 ਵ. ਗਜ਼, ਜਿਸ ਦਾ ਖਾਤਾ ਨੰ. 584/629, ਖਸਰਾ ਨੰ 18, ਦਰਜ ਹੈ ਜਮਾਂਬੰਦੀ ਸਾਲ 2004-2005 ਲਈ ਸਥਿਤ ਹੈ ਰਮਨਦੀਪ ਕਾਲੋਨੀ, ਪਿੰਡ ਮੁੰਡੀਆਂ ਕਲਾਂ ਵਿਖੇ, ਹੱਦਬਸਤ ਨੰ. 179, ਤਹਿਸੀਲ ਤੇ ਜਿਲ੍ਹਾ ਲੁਧਿਆਣਾ (ਦ ਸਕਿਓਰਡ ਐਸਟਸ)
ਡਿਮਾਂਡ ਨੋਟਿਸ ਦੀ ਮਿਤੀ	19-04-2021
ਕਰਜ਼ਦਾਰ(ਾਂ)/ਸਹਿ-ਕਰਜ਼ਦਾਰ(ਾਂ) ਦਾ ਨਾਮ	ਸ਼ਮਸ਼ੇਰ ਸਿੰਘ, ਸੁਖਵਿੰਦਰ ਕੌਰ ਅਤੇ ਸਿਟੀ ਲਾਈਟ ਟੇਲਰਜ਼
ਕੁੱਲ ਬਕਾਇਆ ਰਕਮ	ਰੁ. 13,26,784.11/- (ਤੇਰਾਂ ਲੱਖ ਛੱਬੀ ਹਜ਼ਾਰ ਸੱਤ ਸੌ ਚੁਰਾਸੀ ਰੁ. ਗਿਆਰਾਂ ਪੈਸੇ ਸਿਰਫ਼) 19.04.2022 ਨੂੰ
ਅਚੱਲ ਜਾਇਦਾਦ ਦਾ ਵੇਰਵਾ	ਵਸੀਕਾ 690, ਖਸਰਾ ਨੰ. 108//14/1(0-18), 108//16(5-9), 108//17(1-13), ਦ ਮਕਾਨ 6 ਸਥਿਤ ਹੈ ਰਿਹਾਇਸ਼ੀ ਏਰੀਆ ਨੇੜੇ ਗੁਰਦੁਆਰਾ ਸਾਹਿਬ ਬੱਬੀ ਕਾਲੋਨੀ, ਨੇੜੇ ਸਰਾਂ ਪੱਤੀ, ਸਮਾਣਾ, ਪਟਿਆਲਾ, ਪੰਜਾਬ-147101 (ਦ ਸਕਿਓਰਡ ਐਸਟਸ)

ਮਿਤੀ : 24.12.2024 — ਲਈ ਡੀਸੀਬੀ ਬੈਂਕ ਲਿਮ.
ਸਥਾਨ : ਪਟਿਆਲਾ, ਲੁਧਿਆਣਾ, ਪੰਜਾਬ — ਅਧਿਕਾਰਤ ਅਫ਼ਸਰ

यूनियन बैंक ऑफ इंडिया — Union Bank of India

ਸਟਰੈਸਡ ਐਸੇਟ ਮੈਨੇਜਮੈਂਟ ਬ੍ਰਾਂਚ, ਐਸਸੀਓ 137 ਅਤੇ 138, ਸੈਕਟਰ 8ਸੀ, ਚੰਡੀਗੜ੍ਹ 160009, ਟੈਲੀ. ਨੰ 0172-2721096, ਮੋਬ. ਨੰ. 94246-21889, 87095-83732, 99965-40740, 78374-25000, 99719-90597, ਈਮੇਲ : ubin0578711@unionbankofindia.bank

ਈ ਨਿਲਾਮੀ ਵਿਕਰੀ ਸੂਚਨਾ

ਅੰਤਿਕਾ-IV-A [(ਦੇਖੋ ਰੂਲ 8(6) ਦੀ ਧਾਰਾ] ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ

ਆਮ ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ(ਾਂ) ਅਤੇ ਗਰੰਟਰ(ਾਂ) ਨੂੰ ਵਿਸ਼ੇਸ਼ ਤੌਰ 'ਤੇ ਨੋਟਿਸ ਦਿਤਾ ਜਾਂਦਾ ਹੈ ਕਿ ਯੂਨੀਅਨ ਬੈਂਕ ਆਫ਼ ਇੰਡੀਆ ਕੋਲ ਗਿਰਵੀ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 ਦੇ ਸੈਕਸ਼ਨ 13(4) ਦੀ ਧਾਰਾ ਅਧੀਨ ਅਧਿਕਾਰਤ ਅਫ਼ਸਰ ਵਲੋਂ ਲਿਆ ਜਾ ਚੁੱਕਾ ਹੈ, ਉਹ ਹੇਠ ਦਰਸਾਏ ਅਨੁਸਾਰ ਬਕਾਇਆ ਸਮੇਤ ਅਗਾਊਂ ਵਿਆਜ, ਚਾਰਜਿਜ਼ ਅਤੇ ਆਦਿ ਜਿਸ ਦੇ ਵੇਰਵੇ ਹੇਠ, ਦਿੱਤੇ ਹਨ ਦੀ ਵਸੂਲੀ ਲਈ ਵੇਚੀ ਜਾਵੇਗੀ।

ਜਾਇਦਾਦ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ, ਜੋ ਵੀ ਹੈ ਅਤੇ ਹੋਰ ਕਿਸੇ ਚਾਰੇ ਤੋਂ ਇਲਾਵਾ ਦੇ ਅਧਾਰ 'ਤੇ' ਬਿਨਾਂ ਕਿਸੇ ਕਿਸਮ ਦੀ ਵਰੰਟੀ ਅਤੇ ਹਰਜ਼ਾਨੇ ਤੋਂ ਵੇਚੀ ਜਾਵੇਗੀ।

ਹੇਠ ਦਰਸਾਈਆਂ ਜਾਇਦਾਦਾਂ 'ਆਨਲਾਈਨ ਈ ਨਿਲਾਮੀ ਰਾਹੀਂ ਵੈਬਸਾਈਟ https://baanknet.com 'ਤੇ 29.01.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਵੇਚੀ ਜਾਵੇਗੀ।

1)* ਹਰੇਕ ਬੋਲੀ ਲਈ ਘੱਟੋ ਘੱਟ ਬੋਲੀ ਵਾਧਾ ਰਕਮ ਰਾਖਵੀਂ ਕੀਮਤ ਦਾ 1% ਜਾਂ ਇਸ ਦਾ ਗੁਣਾ ਹੋਵੇਗੀ।
2)* ਬੈਂਕ/ਸਕਿਓਰਡ ਕ੍ਰੈਡੀਟਰ ਨੂੰ ਜਾਇਦਾਦ/ਜਾਇਦਾਦ ਦੇ ਕਿਸੇ ਇੰਜਟ ਬਾਰੇ ਕੋਈ ਜਾਣਕਾਰੀ ਨਹੀਂ

ਲੜੀ ਨੰ.	ਖਾਤੇ ਦਾ ਨਾਮ	ਕਰਜ਼ਦਾਰ/ਗਿਰਵੀਕਾਰ ਅਤੇ ਗਰੰਟਰ ਦਾ ਨਾਂ	ਡਿਮਾਂਡ ਨੋਟਿਸ ਦੀ ਮਿਤੀ ਅਤੇ ਦਾਅਵਾ ਕੀਤੀ ਰਕਮ	ਰਾਖਵੀਂ ਕੀਮਤ / ਈਐਮਡੀ
1.	ਸ੍ਰੀ ਰਾਜੇਸ਼ਵਰ ਵਰਮਾ	ਕਰਜ਼ਦਾਰ : ਸ੍ਰੀ ਰਾਜੇਸ਼ਵਰ ਵਰਮਾ ਪੁੱਤਰ ਸ੍ਰੀ ਗੋਪਾਲ ਵਰਮਾ, ਮਕਾਨ ਨੰ. 213, ਰਵਿੰਦਰਾ ਐਨਕਲੇਵ, ਫੇਸ-1, ਬਲਟਾਣਾ ਜ਼ੀਰਕਪੁਰ, ਜ਼ਿਲ੍ਹਾ ਐਸਏਐਸ ਨਗਰ (ਮੋਹਾਲੀ) ਪੰਜਾਬ-140604, ਸਹਿ ਕਰਜ਼ਦਾਰ : ਸ੍ਰੀਮਤੀ ਉਰਮਿਲਾ ਦੇਵੀ ਪਤਨੀ ਰਾਜੇਸ਼ਵਰ, ਮਕਾਨ ਨੰ. 213, ਰਵਿੰਦਰਾ ਐਨਕਲੇਵ, ਫੇਸ-1, ਬਲਟਾਣਾ ਜ਼ੀਰਕਪੁਰ, ਜ਼ਿਲ੍ਹਾ ਐਸਏਐਸ ਨਗਰ (ਮੋਹਾਲੀ) ਪੰਜਾਬ-140604	01.03.2023 ਰੁ. 32,50,185.44 (ਬੱਤੀ ਲੱਖ ਪੰਜਾਹ ਹਜ਼ਾਰ ਇਕ ਸੌ ਪਚਾਸੀ ਰੁ. ਚੁਆਲ਼ੀ ਪੈਸੇ ਸਿਰਫ਼) 01.03.2024 ਨੂੰ ਸਮੇਤ ਅਗਾਊਂ ਵਿਆਜ ਭਾਵ 02.03.2024 ਤੋਂ	Rs. 49,00,000/- / Rs. 4,90,000/-

ਵੇਚੀ ਜਾਣ ਵਾਲੀ ਜਾਇਦਾਦ ਦਾ ਵੇਰਵਾ ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜ਼ਮੀਨ ਅਤੇ ਬਿਲਡਿੰਗ ਮਿਣਤੀ 0 ਬਿੱਘਾ 2 ਬਿਸਵੇ 0 ਬਿਸਵਾਸੀ, ਖੇਵਟ/ਖਾਤਾ ਨੰ 409/572, 573, 574 ਖਸਰਾ ਨੰ 744/1 ਮਿਨ (0-9), 770 (5-0), 771 ਮਿਨ (1-6), 775ਮਿਨ (2-0), 772 ਮਿਨ (2-0), 773(4-6), 774/1ਮਿਨ (0-9) 768 (4-10), 769 (5-0), 771 ਮਿਨ (1-5), 772 ਮਿਨ (2-0), 744(4-0), 775ਮਿਨ (2-0) ਕਿੱਤੇ 13, ਰਕਬਾ 34 ਬਿੱਘੇ 5 ਬਿਸਵੇ ਵਿਚੋਂ 2/685 ਹਿੱਸਾ ਭਾਵ 2 ਬਿਸਵੇ 0 ਬਿਸਵਾਸੀ (ਸਾਈਜ਼ 22 ਫੁਟ 6 ਇੰਚ x 40 ਫੁਟ =100 ਵ. ਗਜ) ਵਾਕਾ ਮੌਜਾ ਪਿੰਡ ਬਲਟਾਣਾ, ਤਹਿਸੀਲ ਡੇਰਾਬਸੀ, ਜ਼ਿਲਾ ਪਟਿਆਲਾ (ਹੁਣ ਜ਼ਿਲ੍ਹਾ ਐਸ ਏ ਐਸ ਨਗਰ, ਮੋਹਾਲੀ) ਹਦਬਸਤ ਨੰ 47, ਜਮਾਂਬੰਦੀ ਸਾਲ 1997-1998 ਅਨੁਸਾਰ ਸ੍ਰੀ ਰਾਜੇਸ਼ਵਰ ਵਰਮਾ ਪੁੱਤਰ ਗੋਪਾਲ ਵਰਮਾ ਦੀ ਮਲਕੀਅਤ। ਸੇਲ ਡੀਡ ਨੰ 2615 ਮਿਤੀ 24-7-2022 ਅਨੁਸਾਰ ਦਫਤਰ ਸਬ ਰਜਿਸਟਰਾਰ ਡੇਰਾ ਬਸੀ ਵਿਖੇ। ਸਰਸਾਈ ਆਈ.ਡੀ - ਸਕਿਊਰਿਟੀ ਇੰਟਰਸਟ ਆਈ.ਡੀ. 400068427836 ਐਸੇਟ ਆਈ.ਡੀ. 200069543769

ਵਿਕਰੀ ਦੇ ਨਿਯਮ ਅਤੇ ਸ਼ਰਤਾਂ ਦੇ ਵੇਰਵਿਆਂ ਲਈ ਕਿਰਪਾ ਕਰਕੇ ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ ਵਿਚ ਮੁਹੱਈਆ ਲਿੰਕ : www.unionbankofindia.co.in ਅਤੇ ਵੈਬਸਾਈਟ https://baanknet.com 'ਤੇ ਜਾਓ। ਜੇਕਰ ਈਐਮਡੀ ਟਰਾਂਸਫਰ ਕਰਨ/ਈਐਮਡੀ ਰਿਫੰਡ ਕਰਨ ਜਾਂ ਵਾਇਨਾਂਸ ਅਤੇ ਖਾਤੇ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਆਉਂਦੀ ਹੈ ਤਾਂ ਬੋਲੀਕਾਰ ਹੈਲਪਡੈਸਕ ਨੰ 8291220220 ਜਾਂ ਈਮੇਲ ਆਈਡੀ support.baanknet@psballiance.com 'ਤੇ ਈਮੇਲ ਕਰੋ। ਸੰਪਰਕ ਵੇਰਵੇ ਵੀ ਹੈਲਪ ਡੈਸਕ 'ਤੇ ਮੁਹੱਈਆ ਕਰਵਾਏ ਗਏ ਹਨ, ਲਈ ਲਾਗਇਨ ਪੇਜ ਲਿੰਕ https://baanknet.com 'ਤੇ ਜਾਓ। ਰਜਿਸਟ੍ਰੇਸ਼ਨ ਅਤੇ ਲਾਗਇਨ ਅਤੇ ਬੋਲੀ ਰੂਲਾਂ ਲਈ https://baanknet.com 'ਤੇ ਜਾਓ।

ਸਕਿਊਰਿਟੀ ਇੰਟਰੱਸਟ (ਇਨਫ਼ੋਰਸਮੈਂਟ) ਰੂਲਜ਼, 2002 ਦੇ ਰੂਲ 8(6)/ ਰੂਲ 9(1) ਅਧੀਨ 30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ

ਇਸ ਨੂੰ ਸਕਿਊਰਿਟੀ ਇੰਟਰੱਸਟ (ਇਨਫ਼ੋਰਸਮੈਂਟ) ਰੂਲਜ਼, 2002 ਦੇ ਰੂਲ 6(2), 8(6) ਅਤੇ 9(1) ਅਧੀਨ ਉੱਪਰ ਲਿਖੇ ਕਰਜ਼ੇ ਦੇ ਕਰਜ਼ਦਾਰ/ਾਂ, ਗਿਰਵੀਕਾਰ/ਾਂ ਅਤੇ ਗਰੰਟਰ/ਾਂ ਨੂੰ ਉੱਪਰ ਲਿਖੀ ਮਿਤੀ ਨੂੰ ਈ-ਨੀਲਾਮੀ ਕਰਵਾਉਣ ਦਾ ਨੋਟਿਸ ਵੀ ਸਮਝਿਆ ਜਾਵੇ।

ਮਿਤੀ : 23-12-2024 ਸਥਾਨ : ਚੰਡੀਗੜ੍ਹ ਅਧਿਕਾਰਤ ਅਫ਼ਸਰ, ਯੂਨੀਅਨ ਬੈਂਕ ਆਫ ਇੰਡੀਆ

TATA

ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ

ਰਜਿਸਟਰਡ ਪਤਾ : 11ਵੀਂ ਮੰਜਿਲ, ਟਾਵਰ ਏ, ਪੈਨਿਨਸੁਲਾ ਬਿਜਨਸ ਪਾਰਕ ਗਣਪਤਰਾਓ ਕਦਮ ਮਾਰਗ, ਲੋਅਰ ਪਟੇਲ, ਮੁੰਬਈ 400013,
ਬ੍ਰਾਂਚ ਪਤਾ : ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮ. ਐਸਸੀਓ 20, ਦੂਜੀ ਮੰਜਿਲ, ਸੈਕਟਰ 26 ਏ ਚੰਡੀਗੜ੍ਹ 160012

ਅਚੱਲ ਜਾਇਦਾਦ ਦੀ ਵਿਕਰੀ ਲਈ ਨੋਟਿਸ

[ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(1) ਨਾਲ ਪੜ੍ਹੇ ਜਾਂਦੇ ਰੂਲ 8(6) ਅਧੀਨ]

ਦ ਸਕਿਓਰੀਟਾਈਜ਼ੇਸ਼ਨ ਅਤੇ ਰੀਕੰਸਟ੍ਰਕਸ਼ਨ ਆਫ਼ ਫ਼ਾਇਨੈਂਸ਼ੀਅਲ ਅਸੈਟਸ ਅਤੇ ਇਨਫੋਰਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002, ਦ ਸਕਿਓਰਿਟੀ ਇੰਟਰਸਟ (ਇਨਫੋਰਮੈਂਟ) ਰੂਲਜ਼ 2002 ਦੇ ਰੂਲ 9(1) ਅਤੇ ਰੂਲ 8(6) ਨਾਲ ਪੜ੍ਹੀਆਂ ਜਾਂਦੀਆਂ ਧਾਰਾਵਾਂ ਅਧੀਨ ਅਚੱਲ ਐਸਟਸ ਦੀ ਵਿਕਰੀ ਲਈ 30 ਦਿਨਾਂ ਦਾ ਈ ਨਿਲਾਮੀ ਨੋਟਿਸ

ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਹੇਠ ਦਰਸਾਏ ਕਰਜ਼ਦਾਰ ਅਤੇ/ਸਹਿ-ਕਰਜ਼ਦਾਰ, ਜਾਂ ਉਨ੍ਹਾਂ ਦੇ ਕਾਨੂੰਨੀ ਵਾਰਸਾਂ/ਪ੍ਰਤੀਨਿਧਾਂ (ਕਰਜ਼ਦਾਰਾਂ) ਨੂੰ ਖ਼ਾਸ ਤੌਰ 'ਤੇ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਾਟਾ ਕੈਪੀਟਲ ਹਾਊਸਿੰਗ ਫ਼ਾਇਨਾਂਸ ਲਿਮ.(ਟੀਸੀਐਚਐਫਐਲ) ਕੋਲ ਗਿਰਵੀ ਹੇਠ ਦਰਸਾਈ ਅਚੱਲ ਜਾਇਦਾਦਾਂ ਦਾ ਭੌਤਿਕ ਕਬਜ਼ਾ ਟੀਸੀਐਚਐਫਐਲ ਦੇ ਅਧਿਕਾਰਤ ਅਫ਼ਸਰ ਦੁਆਰਾ ਲੈ ਲਿਆ ਹੈ, ਜੋ ਕਿ "ਜਿਵੇਂ ਹੈ ਜਿਥੇ ਹੈ" ਤੇ "ਜਿਵੇਂ ਹੈ ਜੋ ਹੈ" ਅਤੇ 'ਜੋ ਵੀ ਉੱਥੇ ਹੈ ਅਤੇ ਬਿਨਾਂ ਕਿਸੇ ਵਸੀਲਤੇ ਤੋਂ ਦੇ ਆਧਾਰ 'ਤੇ ਕਰਜ਼ਦਾਰ ਅਤੇ ਸਹਿ ਕਰਜ਼ਦਾਰ ਤੋਂ ਹੇਠ ਦਰਸਾਇਆ ਬਕਾਇਆ ਵਸੂਲਣ ਲਈ ਮਿਤੀ 28-01-2025 ਨੂੰ ਵੇਚੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਹੇਠ ਦਿਤੇ ਅਨੁਸਾਰ ਹੈ। ਸੂਚਿਤ ਕੀਤਾ ਜਾਂਦਾ ਹੈ ਕਿ ਵਿਕਰੀ ਮੁਲਤਵੀ ਕਰਨ/ਰੋਕੇ ਜਾਣ ਦੀ ਸੂਰਤ ਵਿਚ, ਉਕਤ ਜਾਇਦਾਦ ਈ-ਨਿਲਾਮੀ ਰਾਹੀਂ ਮਿਤੀ 28-01-2025 ਨੂੰ ਬਾ.ਦੁ. 2.00 ਵਜੇ ਵੇਚੀ ਜਾਵੇਗੀ। ਈ-ਨਿਲਾਮੀ ਵਿਚ ਹਿੱਸਾ ਲੈਣ ਲਈ ਈਐਮਡੀ ਦੇ ਡਿਮਾਂਡ ਡਰਾਫ਼ਟ ਸਮੇਤ ਸੀਲਡ ਲਿਫਾਫਾ ਅਧਿਕਾਰਤ ਅਫ਼ਸਰ ਟੀਸੀਐਚਐਫਐਲ ਕੋਲ 27-01-2025 ਨੂੰ ਸ਼ਾਮ 5 ਵਜੇ ਤੱਕ ਬਰਾਂਚ ਦਫ਼ਤਰ : ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮਟਿਡ ਐਸਸੀਓ 20, ਦੂਜੀ ਮੰਜ਼ਿਲ, ਸੈਕਟਰ 26-ਏ, ਚੰਡੀਗੜ੍ਹ-160012 ਵਿਖੇ ਜਮਾਂ ਹੋਵੇਗਾ।

ਸਕਿਓਰਡ ਐਸਟਸ/ਅਚੱਲ ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿਥੇ ਹੈ ਦੀਆਂ ਸ਼ਰਤਾਂ" ਦੇ ਆਧਾਰ 'ਤੇ ਹੇਠ ਦਰਸਾਏ ਵੇਰਵਿਆਂ ਅਨੁਸਾਰ ਹੋਵੇਗੀ :-

ਲੜੀ ਨੰ.	ਲੋਨ ਖਾਤਾ ਨੰ.	ਕਰਜ਼ਦਾਰ(ਾਂ)/ਸਹਿ-ਕਰਜ਼ਦਾਰ(ਾਂ)/ ਕਾਨੂੰਨੀ ਵਾਰਸ(ਾਂ)/ਕਾਨੂੰਨੀ ਪ੍ਰਤੀਨਿਧ(ਾਂ) /ਗਰੰਟਰ (ਾਂ) ਦਾ ਨਾਂ	ਡਿਮਾਂਡ ਨੋਟਿਸ ਅਨੁਸਾਰ ਰਕਮ	ਰਾਖਵੀਂ ਕੀਮਤ	ਬਿਆਨਾ ਰਕਮ	ਕਬਜ਼ੇ ਦੀ ਕਿਸਮ	17.12.2024 ਨੂੰ ਬਕਾਇਆ
1.	TCHHL034 900010007 1423	ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਪਿਆਰ ਸਿੰਘ, ਸ੍ਰੀਮਤੀ ਰਣਜੀਤ ਕੌਰ ਪਤਨੀ ਸ੍ਰੀ ਪਰਮਜੀਤ ਸਿੰਘ	ਰੁ. 20,08,443/- (ਵੀਹ ਲੱਖ ਅੱਠ ਹਜ਼ਾਰ ਚਾਰ ਸੌ ਤਰਤਾਲੀ ਸਿਰਫ਼) ---30.05.2022	ਰੁ. 35,06,560/- (ਪੈਂਤੀ ਲੱਖ ਛੇ ਹਜ਼ਾਰ ਪੰਜ ਸੌ ਸੱਠ ਰੁ. ਸਿਰਫ਼)	ਰੁ. 3,50,656/- (ਤਿੰਨ ਲੱਖ ਪੰਜਾਹ ਹਜ਼ਾਰ ਛੇ ਸੌ ਛਪੰਜਾ ਰੁ. ਸਿਰਫ਼)	ਭੌਤਿਕ	ਰੁ. 27,65,393/- (ਸਤਾਈ ਲੱਖ ਪੈਂਹਟ ਹਜ਼ਾਰ ਤਿੰਨ ਸੌ ਤਰਾਨਵੇਂ ਰੁ. ਸਿਰਫ਼)

ਅਚੱਲ ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਪਹਿਲੀ ਮੰਜ਼ਿਲ (1/3 ਹਿੱਸਾ) ਰਿਹਾਇਸ਼ੀ ਮਕਾਨ ਜਿਸ ਦਾ ਨੰ. 38(21'-11"x50'-00" ਭਾਵ 121.755 ਵ .ਗਜ਼) ਮਿਣਤੀ 00 ਬਿੱਘਾ-00 ਬਿਸਵਾ-16 ਬਿਸਵਾਸੀ ਭਾਵ 16/3776ਵਾਂ ਹਿੱਸਾ ਕੁੱਲ ਰਕਬਾ 09 ਬਿੱਘਾ-08 ਬਿਸਵਾ-16 ਬਿਸਵਾਸੀ ਵਿਚੋਂ ਕਵਰਡ ਰਕਬਾ 671.016 ਵ. ਫੁੱਟ, ਜੋ ਸ਼ਾਮਲ ਹੈ ਵਿਚ ਖਾਤਾ ਨੰ. 31/33, ਖਸਰਾ ਨੰ. 77 (00-18-00), 337/74 (02-16-16), 339/76(02-17-04), 341//75(02-16-16) ਕਿੱਤੇ 04 ਜਮਾਂਬੰਦੀ 2011-2012 ਲਈ ਸਥਿਤ ਹੈ ਮੌਜਾ ਕਿਸ਼ਨਪੁਰ, ਹੱਦਬਸਤ ਨੰ. 54, ਸਬ ਤਹਿਸੀਲ ਜ਼ੀਰਕਪੁਰ, ਜੋ ਜਾਣਿਆ ਜਾਂਦਾ ਹੈ ਗ੍ਰੀਨ ਫੀਲਡ ਹੋਮਜ਼, ਨਿਰਵਾਨ ਸਿਟੀ, ਕਿਸ਼ਨਪੁਰਾ, ਐਮ.ਸੀ ਜ਼ੀਰਕਪੁਰ, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ ਸਮੇਤ ਸੇਲ ਡੀਡ ਵਿਚ ਦਰਸਾਈਆਂ ਸਾਰੀਆਂ ਸਹੂਲਤਾਂ,
ਨੋਟ : ਤੀਜੀ ਧਿਰ ਵੱਲੋਂ ਟੀਸੀਐਚਐਫਐਲ (ਸੀਐਸ/768/2022) ਵਿਰੁਧ ਸੀਜੇਐਸਡੀ, ਡੇਰਾਬਸੀ, ਐਸਏਐਸ ਨਗਰ ਸਨਮੁਖ ਦਾਖਲ ਕੀਤੀ ਸਿਵਲ ਸਿਊਟ ਪੈਂਡਿੰਗ ਹੈ। ਉਕਤ ਕੇਸ ਵਿਚ ਟੀਸੀਐਚਐਫਐਲ ਵਿਰੁਧ ਕੋਈ ਸਟੇਅ ਆਰਡਰ ਨਹੀਂ ਪਾਸ ਕੀਤਾ ਗਿਆ। ਬੋਲੀਕਾਰਾਂ ਨੂੰ ਆਪਣੀਆਂ ਬੋਲੀਆਂ ਜਮ੍ਹਾਂ ਕਰਨ ਤੋਂ ਪਹਿਲਾਂ ਆਜ਼ਾਦਾਨਾ ਤੌਰ 'ਤੇ ਉਦਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕਾਰਵਾਈ ਨਤੀਜਾ ਆਉਣ ਦਾ ਵਿਸ਼ਾ ਹੋਵੇਗਾ।

ਨਿਲਾਮੀ ਵੇਲੇ, ਆਮ ਜਨਤਾ ਨੂੰ ਆਪਣੀਆਂ ਬੋਲੀਆਂ ਖੁਦ ਜਮ੍ਹਾਂ ਕਰਾਉਣ ਲਈ ਕਿਹਾ। ਇਸ ਵਿਕਰੀ ਦੇ ਸਬੰਧ ਵਿੱਚ ਕੋਈ ਵੀ ਅਧਿਕਾਰੀ ਜਾਂ ਕੋਈ ਹੋਰ ਵਿਅਕਤੀ, ਜਿਸਦੀ ਕੋਈ ਡਿਊਟੀ ਨਿਭਾਉਣੀ ਹੈ, ਹਾਲਾਂਕਿ, ਸਿੱਧੇ ਜਾਂ ਅਸਿੱਧੇ ਤੌਰ 'ਤੇ ਵੇਚੀ ਗਈ ਅਚੱਲ ਜਾਇਦਾਦ ਵਿੱਚ ਕੋਈ ਦਿਲਚਸਪੀ ਲੈਣ, ਪ੍ਰਾਪਤ ਕਰਨ ਜਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ।

ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੀਆਂ ਸ਼ਰਤਾਂ ਅਧੀਨ ਅਤੇ ਹੇਠ ਦਰਸਾਈਆਂ ਦਾ ਵਿਸ਼ਾ ਹੋਵੇਗੀ :

ਨੋਟ : ਜਾਇਦਾਦਾਂ ਦੀ ਈ ਨਿਲਾਮੀ ਪੋਰਟਲ https://bankauctions.in/ ਰਾਹੀਂ 28.01.2025 ਨੂੰ ਬਾ.ਦੁ. 2.00 ਵਜੇ ਤੋਂ ਬਾ.ਦੁ. 3.00 ਵਜੇ ਦੇ ਵਿਚਕਾਰ ਹਰੇਕ 10 ਮਿੰਟਾਂ ਦੇ ਅਸੀਮਿਤ ਵਾਧੇ ਨਾਲ ਹੋਵੇਗੀ।

ਨਿਯਮ ਅਤੇ ਸ਼ਰਤਾਂ : 1) ਸ਼ਡਿਊਲ ਵਿਚ ਹੇਠ ਦਰਸਾਏ ਵੇਰਵੇ ਨਿਮਨ ਹਸਤਾਖ਼ਰ ਦੀ ਸਹੀ ਜਾਣਕਾਰੀ ਮੁਤਾਬਕ ਹੀ ਦਰਸਏ ਗਏ ਹਨ, ਪਰ ਇਸ ਪ੍ਰੋਕਲੇਮੇਸ਼ਨ ਵਿਚ ਕਿਸੇ ਵੀ ਤਰ੍ਹਾਂ ਦੀ ਤਰੁੱਟੀ, ਗਲਤ ਬਿਆਨਬਾਜ਼ੀ ਜਾਂ ਗਲਤੀ ਲਈ ਨਿਮਨ ਹਸਤਾਖ਼ਰੀ ਜਿੰਮੇਵਾਰ ਨਹੀਂ ਹੋਵੇਗਾ। ਬੋਲੀ ਦੀ ਰਕਮ ਜਾਂ ਬੋਲੀਕਾਰ ਸਬੰਧੀ ਕਿਸੇ ਕਿਸੇ ਤਰ੍ਹਾਂ ਦਾ ਵਿਵਾਦ ਪੈਦਾ ਹੋਣ ਦੀ ਸੂਰਤ ਵਿਚ ਅਚੱਲ ਜਾਇਦਾਦ ਅਧਿਕਾਰਤ ਅਫ਼ਸਰ ਦੇ ਫੈਸਲੇ 'ਤੇ ਇਕ ਵਾਰ ਫਿਰ ਨਿਲਾਮੀ ਲਈ ਰੱਖੀ ਜਾਵੇਗੀ। 2) ਅਚੱਲ ਜਾਇਦਾਦ ਰਾਖਵੀਂ ਕੀਮਤ ਤੋਂ ਘੱਟ ਵਿਚ ਨਹੀਂ ਵੇਚੀ ਜਾਵੇਗੀ। 3) ਬੋਲੀ ਵਾਧਾ ਰਕਮ ਰੁ: 10,000/- (ਦਸ ਹਜ਼ਾਰ ਰੁਪਏ ਸਿਰਫ਼) ਹੋਵੇਗੀ। 4) ਪ੍ਰਾਪਰਟੀ ਦੀ ਖਰੀਦ ਲਈ ਜਮਾਂ ਕੀਤੀਆਂ ਗਈਆਂ ਸਾਰੀਆਂ ਬੋਲੀਆਂ ਉਪਰ ਦਰਸਾਏ ਅਨੁਸਾਰ ਬਿਆਨਾ ਰਕਮ ਡਿਮਾਂਡ ਡਰਾਫ਼ਟ ਰਾਹੀਂ 'ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮ.' ਦੇ ਪੱਖ ਵਿਚ ਬਰਾਂਚ ਪਤੇ 'ਤੇ ਅਦਾਇਗੀਯੋਗ ਹੋਵੇਗੀ। ਨਿਲਾਮੀ ਪਿਛੋਂ ਅਸਫ਼ਲ ਬੋਲੀਕਾਰ ਦਾ ਡਿਮਾਂਡ ਡਰਾਫ਼ਟ ਵਾਪਸ ਕਰ ਦਿੱਤਾ ਜਾਵੇਗਾ। ਐਨਈਐਫ਼ਟੀ/ਆਰਟੀਜੀਐਸ/ਆਈਐਮਪੀਐਸ ਰਾਹੀਂ ਈਐਮਡੀ ਦੀ ਅਦਾਇਗੀ ਲਈ ਕ੍ਰਿਪਾ ਕਰਕੇ ਅਧਿਕਾਰਤ ਅਫ਼ਸਰ ਨਾਲ ਸੰਪਰਕ ਕਰੋ। 5) ਸਭ ਤੋਂ ਉੱਚੇ ਬੋਲੀਦਾਤਾ ਨੂੰ ਕਿਸੇ ਵੀ ਤਰ੍ਹਾਂ ਦੀ ਖਰੀਦਦਾਰ ਵਜੋਂ ਘੋਸ਼ਿਤ ਕੀਤਾ ਜਾਏਗਾ ਜੋ ਹਮੇਸ਼ਾ ਉਸ ਨੂੰ ਬੋਲੀ ਕਾਨੂੰਨ ਯੋਗ ਹੋਵੇਗਾ ਅਤੇ ਅੱਗੇ ਦਸਿਆ ਗਿਆ ਹੈ ਕਿ ਉਸ ਦੁਆਰਾ ਬੋਲੀ ਦੀ ਰਕਮ ਰਾਖਵੀਂ ਕੀਮਤ ਤੋਂ ਘੱਟ ਨਹੀਂ ਹੈ। ਜਦੋਂ ਪੇਸ਼ਕਸ਼ ਕੀਤੀ ਜਾਂਦੀ ਹੈ ਤਾਂ ਇਹ ਸਪੱਸ਼ਟ ਰੂਪ ਵਿਚ ਅਢੁੱਕਵੀਂ ਲਗਦੀ ਹੈ ਕਿ ਸਭ ਤੋਂ ਉੱਚੀ ਬੋਲੀ ਦੀ ਮਨਜ਼ੂਰੀ ਨੂੰ ਅਸਵੀਕਾਰ ਕਰਨ ਵਾਲੇ ਅਫਸਰ ਦੀ ਇੱਛਾ ਦੇ ਅਨੁਸਾਰ ਹੋਣਾ ਚਾਹੀਦਾ ਹੈ। 6) ਰਿਕਾਰਡ ਕੀਤੇ ਗਏ ਕਾਰਨਾਂ ਕਰਕੇ, ਇਹ ਵਿਕਰੀ ਨੂੰ ਰੋਕਣ/ਬੰਦ ਕਰਨ ਲਈ ਅਧਿਕਾਰਿਤ ਅਧਿਕਾਰੀ ਦੇ ਵਿਚਾਰਾਂ ਵਿਚ ਹੋਵੇਗਾ। 7) ਅਚੱਲ ਜਾਇਦਾਦ ਦੀ ਪੜਤਾਲ 17.01.2025 ਨੂੰ ਸਵੇਰੇ 11 ਵਜੇ ਤੋਂ ਸ਼ਾਮ 5.00 ਵਜੇ ਵਿਚਕਾਰ ਅਗਾਊਂ ਇਜਾਜ਼ਤ ਨਾਲ ਕੀਤੀ ਜਾ ਸਕਦੀ ਹੈ। 8) ਵਿਅਕਤੀ ਜਿਸਨੂੰ ਖਰੀਦਦਾਰ ਐਲਾਨਿਆ ਜਾਵੇਗਾ, ਉਸਨੂੰ ਐਲਾਨ ਤੋਂ 24 ਘੰਟਿਆਂ ਦੇ ਅੰਦਰ ਅਧਿਕਾਰਤ ਅਫ਼ਸਰ ਕੋਲ ਖਰੀਦ ਕੀਮਤ ਦੀ 25 ਫੀਸਦੀ ਰਕਮ ਜਮਾਂ ਕਰਾਉਣੀ ਹੋਵੇਗੀ ਅਤੇ ਜੇਕਰ ਰਕਮ ਜਮਾਂ ਨਹੀਂ ਕਰਵਾਈ ਜਾਂਦੀ ਤਾਂ ਜਾਇਦਾਦ ਨੂੰ ਮੁੜ ਤੋਂ ਨਿਲਾਮ/ਵੇਚਿਆ ਜਾਵੇਗਾ। 9) ਜੇਕਰ ਸ਼ੁਰੂਆਤੀ ਰਕਮ ਜਮਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਜਾਇਦਾਦ ਦੀ ਵਿਕਰੀ ਦੀ ਪੁਸ਼ਟੀ ਹੋਣ ਤੋਂ 15 ਦਿਨਾ ਤੋਂ ਪਹਿਲਾਂ ਅਧਿਕਾਰਤ ਅਫ਼ਸਰ ਕੋਲ ਬਕਾਇਆ ਰਕਮ ਜਮਾਂ ਕਰਾਉਣੀ ਹੋਵੇਗੀ। ਜੇਕਰ 15ਵਾਂ ਦਿਨ ਐਤਵਾਰ ਜਾਂ ਛੁੱਟੀ ਦਾ ਦਿਨ ਹੁੰਦਾ ਹੈ ਤਾਂ 15 ਦਿਨਾਂ ਤੋਂ ਬਾਅਦ ਪਹਿਲੇ ਕੰਮ ਕਾਰ ਵਾਲੇ ਦਿਨ ਰਕਮ ਜਮਾਂ ਕਰਾਉਣੀ ਹੋਵੇਗੀ। 10) ਉਪਰੋਕਤ ਦੱਸੇ ਗਏ ਸਮੇਂ ਅੰਦਰ ਜੇਕਰ ਅਦਾਇਗੀ ਕਰਨ ਵਿਚ ਨਾਕਾਮਯਾਬ ਹੁੰਦੇ ਹੋ ਤਾਂ ਨਿੱਜੀ ਸੰਧੀ ਤਹਿਤ ਨਿਲਾਮੀ/ਵਿਕਰੀ ਮੁੜ ਤੋਂ ਰੱਖੀ ਜਾਵੇਗੀ। ਈਐਮਡੀ ਸਮੇਤ ਜਮਾਂ ਕੀਤੀ ਗਈ ਰਕਮ ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਕੰਪਨੀ ਵੱਲੋਂ ਜ਼ਬਤ ਕਰ ਲਈ ਜਾਵੇਗੀ ਅਤੇ ਨਾਕਾਮਯਾਬ ਖਰੀਦਦਾਰ ਦਾ ਜਾਇਦਾਦ 'ਤੇ ਕੋਈ ਦਾਅਵਾ ਨਹੀਂ ਰਹੇਗਾ। 11) ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਇੰਜਟ ਬਾਰੇ ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮ. ਕੋਲ ਜਾਣਕਾਰੀ ਹੈ : ਕੋਈ ਨਹੀਂ, ਜੇ ਕੋਈ ਦਾਅਵਾ ਹੈ ਜੋ ਕਿ ਜਾਇਦਾਦ ਨੂੰ ਲੈ ਕੇ ਸਾਹਮਣੇ ਆਏ ਹਨ ਅਤੇ ਇਸ ਕਿਸਮ ਦਾ ਕੋਈ ਵੀ ਹੋਰ ਵੇਰਵਾ : ਨਹੀਂ, ਉਪਰ ਲਿਖੇ ਤੋਂ ਇਲਾਵਾ ਕੋਈ ਨਹੀਂ। ਇਛੁਕ ਬੋਲੀਕਾਰ ਨੂੰ ਬਿਜਲੀ, ਜਾਇਦਾਦ ਟੈਕਸ ਦੇ ਏਰੀਅਰ, ਕਾਨੂੰਨੀ ਦੇਣਦਾਰੀਆਂ ਆਦਿ ਸਮੇਤ ਜਾਇਦਾਦ 'ਤੇ ਕਿਸੇ ਤਰ੍ਹਾਂ ਦੇ ਇੰਜਟ ਸਬੰਧੀ ਆਪਣੇ ਪੱਧਰ 'ਤੇ ਖੁਦ ਜਾਂਚ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। 12) ਕਿਸੇ ਹੋਰ ਵੇਰਵੇ ਜਾਂ ਈ ਨਿਲਾਮੀ ਦੀ ਆਨਲਾਈਨ ਸਿਖਲਾਈ ਪ੍ਰਕਿਰਿਆ ਲਈ ਸੰਭਾਵੀ ਬੋਲੀਕਾਰ ਸੇਵਾ ਪ੍ਰਦਾਤਾ, ਮੈਸ : 4ਕਲੋਜ਼ਰ, ਬਲਾਕ ਨੰ. 605 ਏ, ਛੇਵੀਂ ਮੰਜ਼ਿਲ, ਮੈਤਰੀਵਨਮ ਕਮਰਸ਼ੀਅਲ ਕੰਪਲੈਕਸ, ਅਮੀਰਪੇਟ, ਹੈਦਰਾਬਾਦ-500038, Email : info@bankauctions.in ਜਾਂ ਮਨੀਸ਼ ਬਾਂਸਲ, ਈਮੇਲ ਆਈਡੀ. Manish.Bansal@tatacapital.com ਅਧਿਕਾਰਤ ਅਫ਼ਸਰ, ਮੋਬਾਇਲ ਨੰ. 8588983696 'ਤੇ ਸੰਪਰਕ ਕਰਨ। ਕ੍ਰਿਪਾ ਕਰਕੇ ਆਪਣੀ ਕੋਈ ਇਨਕੁਆਰੀ ਵ੍ਹਟਸਐਪ ਨੰ. 9999078669 'ਤੇ ਭੇਜਣ, 13. ਟੀਡੀਐਸ 1% ਲਾਗੂ ਹੋਵੇਗਾ ਅਤੇ ਐਲਾਨੀ ਉਚੀ ਬੋਲੀ ਰਕਮ 'ਤੇ ਉੱਚੀ ਬੋਲੀ ਦੇਣ ਵਾਲੇ ਵਲੋਂ ਅਦਾ ਕੀਤਾ ਜਾਵੇਗਾ। ਉੱਚੀ ਬੋਲੀ ਦੇਣ ਵਾਲੇ ਵਲੋਂ ਅਦਾਇਗੀ ਮਾਲਕ/ਕਰਜ਼ਦਾਰ(ਾਂ) ਦੇ ਪੈਨ ਕਾਰਡ ਵਿਚ ਜਮ੍ਹਾਂ ਕਰਾਉਣ ਦੀ ਲੋੜ ਹੈ ਅਤੇ ਚਲਾਨ ਦੀ ਕਾਪੀ ਸਾਡੀ ਕੰਪਨੀ ਕੋਲ ਜਮ੍ਹਾਂ ਹੋਵੇਗੀ। 14) ਉਪਰ ਲਿਖੇ ਵੇਰਵਿਆਂ ਲਈ ਕ੍ਰਿਪਾ ਕਰਕੇ ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ http://surl.li/bnbskf ਵਿਚ ਪ੍ਰਦਾਨ ਕੀਤੇ ਗਏ ਲਿੰਕ ਦਾ ਹਵਾਲਾ ਲਓ। 15. ਕ੍ਰਿਪਾ ਕਰਕੇ ਲਿੰਕ https://www.tatacapital.com/property-disposal.html 'ਤੇ ਵੀ ਜਾਓ

ਕ੍ਰਿਪਾ ਕਰਕੇ ਨੋਟ ਕਰੋ : ਟੀਸੀਐਚਐਫਐਲ ਨੇ ਇਸ ਜਾਇਦਾਦ ਦੀ ਨਿਲਾਮੀ/ਵਿਕਰੀ ਲਈ ਜ਼ਿਕਰ ਕੀਤੇ ਨਿਲਾਮੀ ਪਾਰਟਨਰ ਤੋਂ ਇਲਾਵਾ ਕਿਸੇ ਵੀ ਬਰੋਕਰ/ਏਜੰਟ ਨੂੰ ਸ਼ਾਮਲ ਨਹੀਂ ਕੀਤਾ ਹੈ। ਇਛੁਕ ਪਾਰਟੀਆਂ ਇਸ ਮਾਮਲੇ ਵਿਚ ਇਨਕੁਆਰੀ ਜਾਂ ਸਾਰੀਆਂ ਇਨਕੁਆਰੀਆਂ ਲਈ ਅਧਿਕਾਰਤ ਅਫ਼ਸਰ ਜਾਂ ਨਿਮਨ ਹਸਤਾਖਰੀ ਨਾਲ ਸੰਪਰਕ ਕਰਨ।

ਸਥਾਨ : ਚੰਡੀਗੜ੍ਹ — ਸਹੀ/-ਅਧਿਕਾਰਤ ਅਫ਼ਸਰ
ਮਿਤੀ : 24-12-2024 — ਲਈ ਟਾਟਾ ਕੈਪੀਟਲ ਹਾਊਸਿੰਗ ਫਾਇਨਾਂਸ ਲਿਮ.